# BUDDY PROGRAAME

The Department of Defence Studies & NCC Unit 23 PB. BN. NCC of SGTB Khalsa College has conducted the webinar on the Topic of “BUDDY PROGRAMME” on the November 2, 2020. It was a State level program in which 1500 students from 10 Colleges and 12 Schools from the various districts of Punjab participated. During this event, STF Chief ADGP B.CHANDRA SHEKHAR was the Keynote speaker. The speaker discussed widely the drug menace and plan to curb it via institutions. In addition, on this occasion I.G BALKAR SINGH SIDHU and I.G JAISWAL were also present. This programme was organized under the aegis of Punjab Government STF against the drug de addiction. The event help online through Google meet online platform. Lt. Sandeep Kumar was the Convener of this program.

## ਸ੍ਰੀ ਗੁਰੂ ਤੇਗ਼ ਬਹਾਦਰ ਖ਼ਾਲਸਾ ਕਾਲਜ ਦੇ ਡਿਫੈਂਸ ਸਟੱਡੀਜ਼ ਅਤੇ ਐੱਨ. ਸੀ. ਸੀ. ਵਿਭਾਗ ਵਲੋਂ ਵੈਬੀਨਾਰ

ਸ੍ਰੀ ਅਨੰਦਪੁਰ ਸਾਹਿਬ, 2 ਨਵੰਬਰ (ਕਰਨੈਲ ਸਿੰਘ)-ਇੱਥੋਂ ਦੇ ਸ੍ਰੀ ਗੁਰੂ ਤੇਗ਼ ਬਹਾਦਰ ਖ਼ਾਲਸਾ ਕਾਲਜ ਦੇ ਡਿਫੈਂਸ ਸਟੱਡੀਜ਼ ਅਤੇ ਐਨ. ਸੀ. ਸੀ. ਵਿਭਾਗ ਵਲੋਂ 'ਬੱਡੀ ਪ੍ਰੋਗਰਾਮ' ਵਿਸ਼ੇ 'ਤੇ ਆਨਲਾਈਨ ਵੈਬੀਨਾਰ ਕਰਵਾਇਆ ਗਿਆ। ਜਿਸ ਵਿਚ ਏ. ਡੀ. ਜੀ. ਪੀ., ਬੀ. ਚੰਦਰਸ਼ੇਖਰ, ਆਈ. ਜੀ. ਜਸਵਾਲ ਅਤੇ ਆਈ. ਜੀ. ਬਲਕਾਰ ਸਿੰਘ ਸਿੱਧੂ, ਐਸ. ਟੀ. ਐਫ. ਪੰਜਾਬ ਮੁੱਖ ਵਕਤਾ ਵਜੋਂ ਹਾਜ਼ਰ ਹੋਏ। ਇਨ੍ਹਾਂ ਤੋਂ ਇਲਾਵਾ ਇਸ ਵੈਬੀਨਾਰ 'ਚ ਜਿੱਥੇ ਕਾਲਜ ਦੇ ਸਟਾਫ਼ ਅਤੇ ਵਿਦਿਆਰਥੀਆਂ ਨੇ ਭਾਗ ਲਿਆ ਉੱਥੇ ਹੀ ਪੰਜਾਬ ਵਿਚਲੇ ਵੱਖ-ਵੱਖ ਕਾਲਜਾਂ ਤੋਂ ਨੋਡਲ ਅਫ਼ਸਰ, ਅਧਿਆਪਕ ਸਾਹਿਬਾਨ, ਵਿਦਿਆਰਥੀਆਂ ਤੋਂ ਇਲਾਵਾ ਐਨ. ਸੀ. ਸੀ. ਕੈਡਿਟਜ਼ ਨੇ ਗੂਗਲ ਮੀਟ, ਯੂ. ਟਿਊਬ ਅਤੇ ਫੇਸ ਬੁੱਕ ਦੁਆਰਾ ਵੈਬੀਨਾਰ ਵਿਚ ਸ਼ਮੂਲੀਅਤ ਕੀਤੀ। ਕਾਲਜ ਦੇ ਪ੍ਰਿੰਸੀਪਲ ਡਾ. ਜਸਵੀਰ ਸਿੰਘ ਨੇ ਮੁੱਖ ਵਕਤਾ ਏ. ਡੀ. ਜੀ. ਪੀ., ਬੀ. ਚੰਦਰਸ਼ੇਖਰ ਅਤੇ ਸਮੂਹ ਡੈਲੀਗੇਟਸ ਨੂੰ ਜੀ ਆਇਆ ਆਖਿਆ ਅਤੇ ਬੱਡੀ ਪ੍ਰੋਗਰਾਮ ਦੀ ਮਹੱਤਤਾ ਬਾਰੇ ਦੱਸਿਆ। ਇਸ ਵੈਬੀਨਾਰ ਦੇ ਕਨਵੀਨਰ ਲੈਫ. ਪ੍ਰੋ. ਸੰਦੀਪ ਕੁਮਾਰ ਜੋ ਕਿ ਪਿਛਲੇ ਦੋ ਸਾਲ ਤੋਂ ਐਸ. ਟੀ. ਐਫ. ਟੀਮ ਨਾਲ ਡਰੱਗ, ਡੀ. ਅਡੀਕਸ਼ਨ ਦੇ ਪ੍ਰੋਗਰਾਮ ਉੱਤੇ ਕੰਮ ਕਰ ਰਹੇ ਹਨ, ਉਨ੍ਹਾਂ ਜਾਣਕਾਰੀ ਦਿੱਤੀ ਕਿ ਫਰਵਰੀ, 2021 ਵਿਚ ਇਕ ਵਿਸ਼ਾਲ ਸਾਈਕਲ ਰੈਲੀ ਡਰੱਗ ਡੀ. ਅਡੀਕਸ਼ਨ ਦੇ ਪ੍ਰੋਗਰਾਮ ਦੇ ਤਹਿਤ ਕਰਵਾਈ ਜਾਵੇਗੀ। ਇਸ ਮੌਕੇ ਪ੍ਰਿੰਸੀਪਲ ਸੁੱਖਪਾਲ ਕੌਰ, ਲੈਫ. ਡਾ. ਅੰਮ੍ਰਿਤਪਾਲ ਸਿੰਘ, ਨੋਡਲ ਅਫ਼ਸਰ ਸੰਦੀਪ ਕੌਰ, ਲੈਫ. ਤਨਵੀਰ ਸਿੰਘ, ਐਨ. ਸੀ. ਸੀ. ਅਫ਼ਸਰ ਜਸਵਿੰਦਰ ਸਿੰਘ, ਪ੍ਰੋ. ਰਵਨੀਤ ਕੌਰ, ਐਨ.ਸੀ.ਸੀ. ਚੰਦਰੇਸ਼ ਸ਼ੋਰੀ, ਐਨ. ਸੀ. ਸੀ. ਸੁਨੀਲ ਕੁਮਾਰ ਅਤੇ ਸਮੂਹ ਸਟਾਫ਼ ਵੈਬੀਨਾਰ ਦੌਰਾਨ ਹਾਜ਼ਰ ਰਿਹਾ।



ਸ੍ਰੀ ਗੁਰੂ ਤੇਗ਼ ਬਹਾਦਰ ਖ਼ਾਲਸਾ ਕਾਲਜ ਸ੍ਰੀ ਅਨੰਦਪੁਰ ਸਾਹਿਬ ਵਿਖੇ 'ਬੱਡੀ ਪ੍ਰੋਗਰਾਮ' ਵਿਸ਼ੇ 'ਤੇ ਆਨਲਾਈਨ ਕਰਵਾਏ ਵੈਬੀਨਾਰ ਦੀ ਤਸਵੀਰ। ਤਸਵੀਰ: ਕਰਨੈਲ ਸਿੰਘ